**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਹਰੀਸ਼ ਕੁਮਾਰ ਸ਼ਰਮਾ, (94122-77007)
ਵਾਸੀ ਵਿਵੇਕਾਨੰਦ ਨਗਰ,
ਅਲੀਗੜ੍ਹ ਮਾਰਗ,
ਹਾਥਰਸ-204101,
ਉੱਤਰ ਪ੍ਰਦੇਸ਼। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ ਇੰਡੀਅਨ ਅਕੈਡਮੀ ਆਫ਼ ਨਿਓਰੋਲੋਜੀ,
ਦਿਆ ਨੰਦ ਮੈਡੀਕਲ ਕਾਲਿਜ ਅਤੇ ਹਸਪਤਾਲ,
ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ ਇੰਡੀਅਨ ਅਕੈਡਮੀ ਆਫ਼ ਨਿਓਰੋਲੋਜੀ,
ਦਿਆ ਨੰਦ ਮੈਡੀਕਲ ਕਾਲਿਜ ਅਤੇ ਹਸਪਤਾਲ,
ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ 754/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਆਪਣੀ ਈ.ਮੇਲ, ਮਿਤੀ 04-06-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਵੀ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਪਿਛਲੀ ਪੇਸ਼ੀ ਤੇ ਵੀ ਕੋਈ ਹਾਜ਼ਰ ਨਹੀਂ ਹੋਇਆ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਉਸ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫ਼ਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 09-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਦਿਨੇਸ਼ ਕੁਮਾਰ,
ਪੁੱਤਰ ਸ਼੍ਰੀ ਦੌਲਤ ਰਾਮ,
ਵਾਸੀ ਪਿੰਡ ਰੱਤੇਵਾਲ, ਤਹਿਸੀਲ ਬਲਾਚੌਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਤਹਿਸੀਲਦਾਰ, ਬਲਾਚੌਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਉਪ ਮੰਡਲ ਮੈਜਿਸਟਰੇਟ, ਬਲਾਚੌਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਉੱਤਰਦਾਤਾ

**ਅਪੀਲ ਕੇਸ ਨੰ:2916/2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੁਰਿੰਦਰ ਸਿੰਘ ਜੂਨੀਅਰ ਸਹਾਇਕ (88725-60060)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 08-06-2018, ਲੋਕ ਸੂਚਨਾ ਅਧਿਕਾਰੀ-ਕਮ- ਉਪ ਮੰਡਲ ਮੈਜਿਸਟਰੇਟ, ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸੇਵਾ ਕੇਂਦਰ ਬਲਾਚੌਰ ਰਾਹੀ ਰਜਿਸਟਰਾਰ ਆਫ ਮੈਰਿਜ ਬਲਾਚੌਰ ਵਲੋਂ ਮਿਤੀ 01-01-2013 ਤੋਂ 01-01-2018 ਤੱਕ ਮੈਰਿਜ ਰਜਿਸਟਰ ਕਰਾਉਣ ਵਾਲੇ ਅਰਜੀਕਰਤਾ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ-ਕਮ-ਉਪ ਮੰਡਲ ਮੈਜਿਸਟਰੇਟ, ਬਲਾਚੌਰ, ਵੱਲੋਂ ਆਪਣੇ ਪੱਤਰ, ਮਿਤੀ 13-06-2018 ਰਾਹੀਂ ਅਪੀਲਕਰਤਾ ਦਾ ਬਿਨੈ-ਪੱਤਰ, ਆਰ.ਟੀ.ਆਈ. ਐਕਟ, 2005 ਦੀ ਧਾਰਾ 6(3) ਤਹਿਤ ਤਹਿਸੀਲਦਾਰ, ਬਲਾਚੌਰ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-07-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 15-10-2918 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-11-2018 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗੁਰਿੰਦਰ ਸਿੰਘ ਜੂਨੀਅਰ ਸਹਾਇਕ ਨੇ ਪੱਤਰ ਨੰ:68/ਆਰ.ਟੀ.ਆਈ., ਮਿਤੀ 17-05-2019 ਪੇਸ਼ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਵੱਲੋਂ ਪੱਤਰ ਨੰ:ਆਰੀ.ਟੀ.ਆਈ./2005/468/ਡੀ.ਡੀ./2018/160-161, ਮਿਤੀ 04/07-01-2019 ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਸੂਚਨਾ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 03-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਦਿਨੇਸ਼ ਕੁਮਾਰ,
ਪੁੱਤਰ ਸ਼੍ਰੀ ਦੌਲਤ ਰਾਮ,
ਵਾਸੀ ਪਿੰਡ ਰੱਤੇਵਾਲ, ਤਹਿਸੀਲ ਬਲਾਚੌਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ, ਬਲਾਚੌਰ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਉਪ ਮੰਡਲ ਮੈਜਿਸਟਰੇਟ, ਬਲਾਚੌਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਉੱਤਰਦਾਤਾ

**ਅਪੀਲ ਕੇਸ ਨੰ:2917/2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਭੁਪਿੰਦਰਪਾਲ ਕੌਰ, ਸੀਨੀਅਰ ਸਹਾਇਕ (94642-88722।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 14-03-2018, ਲੋਕ ਸੂਚਨਾ ਅਧਿਕਾਰੀ-ਕਮ- ਉਪ ਮੰਡਲ ਮੈਜਿਸਟਰੇਟ, ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਨੈਸ਼ਨਲ ਹਾਈਵੇਅ ਰੋਪੜ ਤੋਂ ਫਗਵਾੜਾ ਅਤੇ ਬਾਈਪਾਸ ਨਵਾਂਸ਼ਹਿਰ ਦੇ ਨਵ -ਨਿਰਮਾਣ ਲਈ ਸਮੁੱਚੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਆਉਂਦੇ ਪਿੰਡਾਂ/ਸ਼ਹਿਰਾਂ ਦੇ ਸੜਕੀ ਨਿਰਮਾਣ ਲਈ ਸਰਕਾਰ ਵੱਲੋਂ ਪ੍ਰਾਪਤ ਕੀਤੀ ਗਈ ਜ਼ਮੀਨ ਅਤੇ ਜ਼ਮੀਨ ਮਾਲਕਾਂ ਨੂੰ ਦਿੱਤੇ ਗਏ ਮਆਵਜ਼ੇ ਆਦਿ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-05-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 15-10-2918 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-11-2018 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀਮਤੀ ਭੁਪਿੰਦਰਪਾਲ ਕੌਰ, ਸੀਨੀਅਰ ਸਹਾਇਕ ਨੇ ਪੱਤਰ ਨੰ:283/ਆਰ.ਟੀ.ਆਈ., ਮਿਤੀ 13-02-2019 ਪੇਸ਼ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਨੁਕਤਾ ਨੰ:1 ਨਾਲ ਸਬੰਧਤ ਸੂਚਨਾ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:185/ਆਰੀ.ਟੀ.ਆਈ., ਮਿਤੀ 05-06-2018 ਰਾਹੀਂ ਅਪੀਲਕਰਤਾ ਨੂੰ ਭੇਜੀ ਜਾ ਚੁੱਕੀ ਹੈ ਅਤੇ ਨੁਕਤਾ ਨੰ:2 ਬਾਰੇ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:2917/2018**

ਸੂਚਨਾ ਤੀਜੀ ਧਿਰ ਨਾਲ ਸਬੰਧਤ ਨਿੱਜੀ ਸੂਚਨਾ ਹੋਣ ਕਾਰਨ ਅਪੀਲਕਰਤਾ ਨੂੰ ਨਹੀਂ ਦਿੱਤੀ ਜਾ ਸਕਦੀ । ਉਨਾਂ ਵੱਲੋਂ ਇਸ ਬਾਰੇ ਆਪਣੇ ਪੱਤਰ ਨੰ:260/ਆਰੀ.ਟੀ.ਆਈ., ਮਿਤੀ 28-12-2018 ਰਾਹੀਂ ਕਮਿਸ਼ਨ ਨੂੰ ਪਹਿਲਾਂ ਵੀ ਸੂਚਿਤ ਕੀਤਾ ਹੋਇਆ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਨੁਮਾਇੰਦੇ ਵੱਲੋਂ ਪੇਸ਼ ਕੀਤੀ ਗਈ, ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਉਸ ਦੀ ਆਰ.ਟੀ.ਆਈ. ਦੇ ਸਨਮੁੱਖ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 04 ਜੂਨ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਰਮੇਸ਼ ਕੁਮਾਰ ਸਿਡਾਨਾ,
ਪੁੱਤਰ ਸ਼੍ਰੀ ਲਾਲ ਚੰਦ ਸਿਡਾਨਾ,
ਗਲੀ ਨੰ:7, ਤੀਜਾ ਕਾਰਸਿੰਗ,
ਪੁਰਾਣੀ ਸੂਰਜ ਨਗਰੀ, ਅਬੋਹਰ,
ਜ਼ਿਲ੍ਹਾ ਫਾਜ਼ਿਲਕਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਆਯੂਰਵੈਦਿਕ ਵਿਭਾਗ, ਪੰਜਾਬ,
ਐਸ.ਸੀ.ਓ. ਨੰ:823-24, ਸੈਕਟਰ 22-ਏ,
ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ,
ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:3945/2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰੂਬਲ ਸ਼ਰਮਾ, ਕਲਰਕ (98880-45677)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 19-04-2018, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਆਯੂਰਵੈਦਿਕ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ 'ਜ਼ਿਲ੍ਹਾ ਆਯੂਰਵੈਦਿਕ/ਯੂਨਾਨੀ ਅਫਸਰ, ਫਿਰੋਜ਼ਪੁਰ ਵੱਲੋਂ ਡਾਇਰੈਕਟਰ, ਆਯੂਰਵੈਦਾ ਪੰਜਾਬ ਨੂੰ ਭੇਜੇ ਗਏ ਪੱਤਰ ਨੰ:3181, ਮਿਤੀ 01-09-2015 ਅਤੇ ਡਾਇਰੈਕਟਰ, ਆਯੂਰਵੈਦਾ ਪੰਜਾਬ ਵੱਲੋਂ ਪੇ ਫਿਕਸੇਸ਼ਨ ਸਬੰਧੀ ਜਾਰੀ ਕੀਤੇ ਗਏ ਪੱਤਰ ਨੰ:ਆਯੂ.ਈ.1 ਪੰਬ-2015/35423-26, ਮਿਤੀ 30-03-2015 ਅਤੇ ਆਪਣੀ ਸੇਵਾ ਪੱਤਰੀ ਨਾਲ ਸਬੰਧਤ 03 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-11-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-01-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 07-02-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਰੂਬਲ ਸ਼ਰਮਾ, ਕਲਰਕ ਨੇ ਕਿਹਾ ਹੈ ਕਿ ਅਪੀਲਕਰਤਾ ਨੂੰ ਮਿਤੀ 24-01-2019 ਨੂੰ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਫਿਰ ਵੀ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਇੱਕ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਸੂਚਨਾ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 04 ਜੂਨ, 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਰਵੀ ਜਿੰਦਲ,
#112, ਭਰਪੂਰ ਗਾਰਡਨ,
ਸਾਹਮਣੇ ਸਰਕਾਰੀ ਆਯੂਰਵੈਦਿਕ ਕਾਲਿਜ,
ਪਟਿਆਲਾ।                                                    -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੁਪਰਡੰਟ, ਸਿਹਤ ਤੇ
ਪਰਿਵਾਰ ਭਲਾਈ ਵਿਭਾਗ,
(ਸਿਹਤ-1 ਸ਼ਾਖਾ) ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਵਧੀਕ ਸਕੱਤਰ, ਸਿਹਤ ਤੇ
ਪਰਿਵਾਰ ਭਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

-------ਉੱਤਰਦਾਤਾ

**ਅਪੀਲ ਕੇਸ ਨੰ 2372/2018**

**ਹਾਜ਼ਰ:-**

1) ਡਾਕਟਰ ਰਵੀ ਜਿੰਦਲ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਸ਼੍ਰੀ ਗੁਰਜੀਤ ਸਿੰਘ, ਸੁਪਰਡੰਟ-ਕਮ-ਲੋਕ ਸੂਚਨਾ ਅਧਿਕਾਰੀ (94177-76465) ਅਤੇ ਡਾਕਟਰ ਸ਼ੈਲੀ ਜੇਟਲੀ, ਲੋਕ ਸੂਚਨਾ ਅਧਿਕਾਰੀ-ਕਮ-ਸਹਾਇਕ ਸਿਵਲ ਸਰਜਨ, ਪਟਿਆਲਾ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-02-2018, ਲੋਕ ਸੂਚਨਾ ਅਧਿਕਾਰੀ ਦਫਤਰ ਸੁਪਰਡੰਟ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡਾਕਟਰ ਸੁਰਿੰਦਰਪਾਲ (ਸਰਵਿਸ ਨੰ:4116) ਵਿਰੁੱਧ ਕੀਤੀ ਗਈ ਸ਼ਿਕਾਇਤ ਨਾਲ ਸਬੰਧਤ ਆਪਣੇ ਪੱਤਰ, ਮਿਤੀ 03-10-2017, 12-10-2017, 30-12-2017, 08-11-2017 ਅਤੇ 02-02-2018 ਆਦਿ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-07-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 11-09-2918 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-10-2018 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਇਹ ਕੇਸ ਪ੍ਰੋਫੈਸਰ ਵਿਨੈ ਕਪੂਰ ਮਹਿਰਾ, ਸਾਬਕਾ ਰਾਜ ਸੂਚਨਾ ਕਮਿਸ਼ਨ, ਪੰਜਾਬ ਜੀ ਦੇ ਬੈਂਚ ਕੋਲੋਂ ਤਬਦੀਲ ਹੋ ਕੇ ਇਸ ਬੈਂਚ ਕੋਲ ਸੁਣਵਾਈ ਲਈ ਆਇਆ ਹੈ। ਇਸ ਕੇਸ ਦੀ ਆਖਰੀ ਸੁਣਵਾਈ ਸਾਬਕਾ ਰਾਜ ਸੂਚਨਾ ਕਮਿਸ਼ਨ, ਪੰਜਾਬ ਜੀ ਵੱਲੋਂ ਮਿਤੀ 29-01-2019 ਕੀਤੀ ਗਈ ਸੀ ਅਤੇ ਦੋਵੇਂ ਧਿਰਾਂ ਵੱਲੋਂ ਪੇਸ਼ ਕੀਤੇ ਗਏ ਜਵਾਬ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਰਿਕਾਰਡ ਤੇ ਲੈ ਲੈਣ ਉਪਰੰਤ ਇਸ ਕੇਸ ਦਾ ਫੈਸਲਾ ਰਿਜ਼ਰਵ ਰੱਖ ਲਿਆ ਗਿਆ ਸੀ।

3. ਸ਼੍ਰੀ ਐਸ.ਐਸ.ਚੰਨੀ, ਆਈ.ਏ.ਐਸ. ਮਾਣਯੋਗ ਮੁੱਖ ਸੂਚਨਾ ਕਮਿਸ਼ਨਰ, ਪੰਜਾਬ (ਹੁਣ ਸੇਵਾ ਨਿਵਿਰਤ) ਜੀ ਵੱਲੋਂ ਆਪਣੇ ਹੁਕਮ, ਮਿਤੀ 03-04-2019 ਰਾਹੀਂ ਇਸ ਬੈਂਚ ਨੂੰ ਇਹ ਕੇਸ ਨਵੇਂ ਸਿਰਿਓਂ( Afresh) ਸੁਣਨ ਉਪਰੰਤ ਫੈਸਲਾ ਕਰਨ ਲਈ ਕਿਹਾ ਗਿਆ ਸੀ। ਇਸ ਕਰਕੇ ਇਸ ਬੈਂਚ ਵੱਲੋਂ ਮਿਤੀ 17-05-2019 ਨੂੰ ਨੋਟਿਸ ਜਾਰੀ ਕਰਕੇ **ਇਹ ਕੇਸ ਮਿਤੀ 04-06-2019 ਨੂੰ ਸਵੇਰੇ 11-30 ਵਜੇ ਸੁਣਵਾਈ ਲਈ ਨਿਸਚਿਤ** ਕੀਤਾ ਗਿਆ ਸੀ।

4. ਅੱਜ ਪੇਸ਼ੀ ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਗੁਰਜੀਤ ਸਿੰਘ, ਸੁਪਰਡੰਟ-ਕਮ-ਲੋਕ ਸੂਚਨਾ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦੇ ਰਜਿਸਟਰਡ ਪੱਤਰ ਨੰ:37/38/17- ਸਿ1/3ਸਿ1/159-161, ਮਿਤੀ 18-01-2019 ਰਾਹੀ ਅਪੀਲਕਰਤਾ ਨੂੰ ਪਹਿਲਾਂ ਹੀ! ਆਰ.ਟੀ.ਆਈ. ਤਹਿਤ ਬਣਦੀ ਸੂਚਨਾ ਦਿੱਤੀ ਜਾ ਚੁੱਕੀ ਹੈ ਅਤੇ ਇਸ ਬਾਰੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਹੋਇਆ ਹੈ। ਇਸ ਪੱਤਰ ਰਾਹੀਂ ਅਪੀਲਕਰਤਾ ਨੂੰ ਨੁਕਤਾ ਨੰ:1,2 ਅਤੇ 3 ਬਾਰੇ ਸੂਚਨਾ ਦਿੱਤੀ ਜਾ ਚੁੱਕੀ ਹੈ ਅਤੇ ਨੁਕਤਾ ਨੰ:4 ਅਤੇ 5 ਬਾਰੇ ਅਪੀਲਕਰਤਾ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਇਹ ਸ਼ਿਕਾਇਤ ਸਰਕਾਰ ਦੇ ਵਿਚਾਰ-ਅਧੀਨ ਹੈ ਅਤੇ ਇਸ ਤੋਂ ਇਲਾਵਾ ਇਹ ਮਾਮਲਾ ਸੈਸ਼ਨ ਅਦਾਲਤ ਵਿੱਚ ਚਲਣ ਕਾਰਨ (Sub-judice) ਅਪੀਲਕਰਤਾ ਨੂੰ ਮੁਕੰਮਲ ਸੂਚਨਾ ਨਹੀਂ ਦਿੱਤੀ ਜਾ ਸਕਦੀ।ਇਸ ਸਬੰਧੀ ਹਾਜ਼ਰ ਉੱਤਰਦਾਤਾ, ਸ਼੍ਰੀ ਗੁਰਜੀਤ ਸਿੰਘ, ਸੁਪਰਡੰਟ-ਕਮ-ਲੋਕ ਸੂਚਨਾ ਅਧਿਕਾਰੀ ਨੇ ਆਪਣੇ ਹਲਫੀਆ-ਬਿਆਨ, ਮਿਤੀ 29-01-2019 ਰਾਹੀਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਬਾਰੇ ਵਿਸਥਾਰ-ਪੂਰਵਕ ਸਪੱਸ਼ਟੀਕਰਣ ਪੇਸ਼ ਕਰਦੇ ਹੋਏ ਉਸ ਵਿਰੁੱਧ ਕਮਿਸ਼ਨ ਦੇ ਹੁਕਮ, ਮਿਤੀ 06-12-2018 ਰਾਹੀਂ ਜਾਰੀ ਕੀਤਾ ਗਿਆ ਕਾਰਨ ਦੱਸੋ ਨੋਟਿਸ ਦਾਖਲ ਦਫਤਰ ਕਰਨ ਅਤੇ ਅਪੀਲਕਰਤਾ ਦੀ ਅਪੀਲ ਰੱਦ ਕਰਨ ਲਈ ਬੇਨਤੀ ਕੀਤੀ ਹੈ। ਇਸ ਉਪਰੰਤ ਅਪੀਲਕਰਤਾ ਨੇ ਮੰਨਿਆ ਕਿ ਉਸ ਨੂੰ ਸੂਚਨਾ ਪ੍ਰਾਪਤ ਹੋਈ ਹੈ ਪਰੰਤੂ ਇਹ ਵੀ ਕਿਹਾ ਕਿ ਉਸ ਨੂੰ ਅਧੂਰੀ ਸੂਚਨਾ ਦਿੱਤੀ ਗਈ ਹੈ ਅਤੇ ਉਹ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਨਹੀਂ ਹੈ।

5. ਅਪੀਲਕਰਤਾ ਨੇ ਪਹਿਲਾਂ ਕਿਹਾ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ।ਹਾਜ਼ਰ ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਦਾ ਵੇਰਵਾ ਦੇਣ ਉਪਰੰਤ ਅਪੀਲਕਰਤਾ ਨੇ ਮੰਨਿਆ ਕਿ ਉਸ ਨੂੰ ਸੂਚਨਾ ਪ੍ਰਾਪਤ ਹੋਈ ਹੈ ਪਰੰਤੂ ਸੂਚਨਾ ਅਧੂਰੀ ਦਿੱਤੀ ਗਈ ਹੈ। ਇਸ ਤਰ੍ਹਾਂ ਅਪੀਲਕਰਤਾ ਨੇ ਝੂਠ ਬੋਲ ਕੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਮਿਸ਼ਨ ਦੀ ਮਾਣਹਾਨੀ ਕੀਤੀ। ਅਪੀਲਕਰਤਾ ਦਾ ਵਤੀਰਾ ਸਾਰੀ ਪੇਸ਼ੀ ਦੌਰਾਨ ਨਿੰਦਣਯੋਗ ਪਾਇਆ ਗਿਆ। ਅਪੀਲਕਰਤਾ ਬਿਨਾਂ ਠੋਸ ਤੱਥਾਂ ਤੋਂ ਹੀ ਬੇਲੋੜੀ ਬਹਿਸ ਕਰਦਾ ਰਿਹਾ। ਅਪੀਲਕਰਤਾ ਨੂੰ ਸਮਝਾਇਆ ਗਿਆ ਕਿ ਕਮਿਸ਼ਨ ਵੱਲੋਂ ਉਸ ਵੱਲੋਂ ਮੰਗੀ ਗਈ ਸੂਚਨਾ ਉਸ ਦੀ ਇੱਛਾ ਮੁਤਾਬਿਕ ਮੁਹੱਈਆ ਨਹੀਂ ਕਰਵਾਈ ਜਾ ਸਕਦੀ ਕਿਉਂਕਿ ਸੂਚਨਾ ਕੇਵਲ ਆਰ.ਟੀ.ਆਈ. ਐਕਟ, 2005 ਦੇ ਉਪਬੰਧਾਂ ਮੁਤਾਬਿਕ ਹੀ ਦਿੱਤੀ ਜਾ ਸਕਦੀ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਦਿੱਤੀ ਜਾ ਚੁੱਕੀ ਹੈ ਜ਼ੋ ਕਿ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਈ ਗਈ ਹੈ। ਇਸ ਕਰਕੇ ਇਸ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ** 2372/2018**ਖ਼**

ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਹਾਜ਼ਰ ਉੱਤਰਦਾਤਾ, ਸ਼੍ਰੀ ਗੁਰਜੀਤ ਸਿੰਘ, ਸੁਪਰਡੰਟ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਆਪਣੇ ਹਲਫੀਆ-ਬਿਆਨ, ਮਿਤੀ 29-01-2019 ਰਾਹੀਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਬਾਰੇ ਪੇਸ਼ ਕੀਤੇ ਗਏ ਵਿਸਥਾਰ-ਪੂਰਵਕ ਸਪੱਸ਼ਟੀਕਰਣ ਨੂੰ ਤਸੱਲੀਬਖਸ਼ ਪਾਉਂਦੇ ਹੋਏ, ਉਸ ਵਿਰੁੱਧ ਕਮਿਸ਼ਨ ਦੇ ਹੁਕਮ, ਮਿਤੀ 06-12-2018 ਰਾਹੀਂ ਜਾਰੀ ਕੀਤਾ ਗਿਆ **ਕਾਰਨ ਦੱਸੋ ਨੋਟਿਸ ਖਾਰਜ** ਕੀਤਾ ਜਾਂਦਾ ਹੈ ਅਤੇ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 04 **ਜੂਨ,** 2019**.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗਗਨਦੀਪ ਸਿੰਘ ਜੰਜੂਆ, (97806-43243)
ਪਿੰਡ ਤੂਰਾ, ਡਾਕਖਾਨਾ ਕੁੰਭ,
ਤਹਿਸੀਲ ਅਮਲੋਹ,
ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301. ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਚੀਫ਼ ਜੂਡੀਸ਼ੀਅਲ ਮੈਜਿਸਟਰੇਟ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਚੀਫ਼ ਜੂਡੀਸ਼ੀਅਲ ਮੈਜਿਸਟਰੇਟ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਉੱਤਰਦਾਤਾ

**ਅਪੀਲ ਕੇਸ ਨੰ:3589/2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪਰਮਿੰਦਰ ਕੁਮਾਰ, ਪ੍ਰੋਟੋਕੋਲ ਅਫਸਰ (79733-75814)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 11-06-2018, ਲੋਕ ਸੂਚਨਾ ਅਧਿਕਾਰੀ ਦਫਤਰ ਚੀਫ਼ ਜੂਡੀਸ਼ੀਅਲ ਮੈਜਿਸਟਰੇਟ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਉੱਤਰਦਾਤਾ ਵੱਲੋਂ ਆਪਣੇ ਪੱਤਰ ਨੰ:615, ਮਿਤੀ 27-10-2017 ਅਤੇ ਪੱਤਰ ਨੰ:134, ਮਿਤੀ 28-03-2018 ਰਾਹੀਂ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਦੇਣ ਤੋਂ ਇੰਨਕਾਰ ਕਰਨ ਦੇ ਕਾਰਨਾਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-07-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-10-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 07-12-2918 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 03-01-2019 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ., ਮਿਤੀ 04-06-2019 ਨਾਲ ਭੇਜੇ ਗਏ ਪੱਤਰ, ਮਿਤੀ 04-06-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ ਜਦੋਂ ਕਿ ਉਸ ਵੱਲੋਂ ਮੰਗੀ ਗਈ

ਚਲਦਾ--- ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**3589/2018

ਸੂਚਨਾ ਆਰ.ਟੀ.ਆਈ. ਐਕਟ ਦੀ ਧਾਰਾ 8(1)(ਬੀ) ਵਿੱਚ ਨਹੀਂ ਆਉਂਦੀ ਅਤੇ ਨਾ ਹੀ ਕਿਸੇ ਕੋਰਟ ਜਾਂ ਟ੍ਰਿਬਿਊਨਲ ਨੇ ਇਹ ਸੂਚਨਾ ਦੇਣ ਤੇ ਕੋਈ ਰੋਕ ਲਗਾਈ ਗਈ ਹੈ। ਇਸ ਲਈ ਉਸ ਵੱਲੋਂ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਪਰਮਿੰਦਰ ਕੁਮਾਰ, ਪ੍ਰੋਟੋਕੋਲ ਅਫਸਰ ਨੇ ਕਿਹਾ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਆਰ.ਟੀ.ਆਈ. ਐਕਟ ਦੀ ਧਾਰਾ 8(1)(ਬੀ) ਵਿੱਚ ਆਉਣ ਕਾਰਨ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਇਸ ਸਬੰਧੀ ਪੱਤਰ ਨੰ:337, ਮਿਤੀ 03-07-2018 ਦੀ ਕਾਪੀ ਪੇਸ਼ ਕੀਤੀ ਹੈ ਜਿਸ ਰਾਹੀਂ ਉਨ੍ਹਾਂ ਵੱਲੋਂ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਬਾਰੇ ਅਪੀਲਕਰਤਾ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਨੁਮਾਇੰਦੇ ਵੱਲੋਂ ਪੇਸ਼ ਕੀਤੀ ਗਈ, ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਉਸ ਦੀ ਆਰ.ਟੀ.ਆਈ. ਦੇ ਸਨਮੁੱਖ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ,** 04 **ਜੂਨ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗਗਨਦੀਪ ਗੋਇਲ, (98722-06969)
ਪੁੱਤਰ ਸ਼੍ਰੀ ਸ਼ਿਆਮ ਲਾਲ ਗੋਇਲ,
#223, ਫੇਸ-2, ਮੁਹਾਲੀ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਿਹਤ ਵਿਭਾਗ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9,
ਚੰਡੀਗੜ੍ਹ।

ਹਿਲੀ ਅਪੀਲੀ ਅਥਾਰਟੀ,
ਦਫਤਰ ਸਿਹਤ ਵਿਭਾਗ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9,
ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:2217/2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸਿਮਰਜੀਤ ਸਿੰਘ, ਐਡਵੋਕੇਟ (98766-16815)
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੌਰਵ ਧੀਮਾਨ, ਕਲਰਕ (98882-66466) ਸ਼੍ਰੀ ਸੁਰਜੀਤ ਸਿੰਘ (97802-40001) ਅਤੇ ਸ਼੍ਰੀ ਜਗਤਾਰ ਸਿੰਘ ਦਫ਼ਤਰ ਡਾਇਰੈਕਟਰ,ਸਿਹਤ ਪੰਜਾਬ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 04-04-2018, ਲੋਕ ਸੂਚਨਾ ਅਧਿਕਾਰੀ ਦਫਤਰ ਸਿਹਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜ਼ਿਲ੍ਹਾ ਜਾਂ ਸਿਵਲ ਹਸਪਤਾਲ ਜਾਂ ਉਪ ਮੰਡਲ ਹਸਪਤਾਲ ਵਿੱਚ ਡਾਕਟਰਾਂ ਦੀਆਂ ਐਮਰਜੰਸੀ ਰੂਮ ਡਿਊਟੀਆਂ ਲਗਾਉਣ ਨਾਲ ਸਬੰਧਤ ਨਿਯਮਾਂ ਆਦਿ ਨਾਲ ਸਬੰਧਤ 08 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 08-05-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 03-07-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 20-08-2918 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 05-09-2018 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ।ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੌਰਵ ਧੀਮਾਨ, ਕਲਰਕ ਨੇ ਕਿਹਾ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਦਿੱਤੀ ਜਾ ਚੁੱਕੀ ਹੈ। ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ, ਸ਼੍ਰੀ ਸਿਮਰਜੀਤ ਸਿੰਘ, ਐਡਵੋਕੇਟ ਨੇ ਮੰਨਿਆ ਕਿ ਉਸ ਨੂੰ ਸੂਚਨਾ ਮਿਲ ਗਈ ਹੈ ਅਤੇ ਕਿਹਾ ਹੈ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**2217/2018

ਕੇਸ ਬੰਦ ਕਰ ਦਿੱਤਾ ਜਾਵੇ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਕਮਿਸ਼ਨ ਦੇ ਹੁਕਮ, ਮਿਤੀ 16-10-2018 ਰਾਹੀਂ ਮਿਸ. ਸ਼ਸ਼ੀ ਬਾਲਾ, ਲੋਕ ਸੂਚਨਾ ਅਧਿਕਾਰੀ ਨੂੰ ਜਾਰੀ ਕੀਤਾ ਗਿਆ **ਕਾਰਨ ਦੱਸੋ ਨੋਟਿਸ ਖਾਰਜ** ਕੀਤਾ ਜਾਂਦਾ ਹੈ ਅਤੇ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਕਾਪੀ:-**

1) ਮਿਸ. ਸ਼ਸ਼ੀ ਬਾਲਾ, ਲੋਕ ਸੂਚਨਾ ਅਧਿਕਾਰੀ-ਕਮ-
ਸੁਪਰਡੰਟ ਦਫ਼ਤਰ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਪਲਾਟ ਨੰ:5, ਸੈਕਟਰ 34-ਏ, ਚੰਡੀਗੜ੍ਹ।

2) ਲੋਕ ਸੂਚਨਾ ਅਧਿਕਾਰੀ,
ਦਫ਼ਤਰ ਸਿਵਲ ਸਰਜਨ, ਐਸ.ਏ.ਐਸ. ਨਗਰ।

3) ਲੋਕ ਸੂਚਨਾ ਅਧਿਕਾਰੀ,
ਦਫ਼ਤਰ ਸਿਵਲ ਸਰਜਨ, ਪਟਿਆਲਾ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਪ੍ਰੇਮ ਕੁਮਾਰ ਰਤਨ, (98722-20039)
ਮਕਾਨ ਨੰ:788, ਪਾਰਕ ਰੋਡ,
ਨਵੀਂ ਮੰਡੀ ਧੂਰੀ,
ਜ਼ਿਲ੍ਹਾ ਸੰਗਰੂਰ। ...........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ, ਧੂਰੀ,
ਜ਼ਿਲ੍ਹਾ ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,
ਪਟਿਆਲਾ। ........ਉੱਤਰਦਾਤਾ

**ਅਪੀਲ ਕੇਸ ਨੰ:2572 ਆਫ਼ 2018**

**ਹਾਜ਼ਰ:-** 1) ਸ਼੍ਰੀ ਪ੍ਰੇਮ ਕੁਮਾਰ ਰਤਨ, ਅਪੀਲਕਰਤਾ ।
2) ਉੱਤਰਦਾਤਾ ਵੱਲੋਂ ਵੀ ਕੋਈ ਵੀ ਨਹੀਂ।

**ਹੁਕਮ:**

ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਵੀ ਅੱਜ ਪੇਸ਼ੀ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਪਿਛਲੀ ਪੇਸ਼ੀ ਤੇ ਵੀ ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਲੋਕ ਸਭਾ ਚੋਣਾਂ ਵਿੱਚ ਡਿਊਟੀ ਲੱਗਣ ਕਾਰਨ ਹਾਜ਼ਰ ਨਾ ਹੋਣ ਬਾਰੇ ਈ. ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਸਮੇਂ ਦੀ ਮੰਗ ਕੀਤੀ ਗਈ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਉਸ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫ਼ਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 16-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜੇਸ਼ ਰਾਣਾ, (90417-40899)
ਮਕਾਨ ਨੰ:788, ਗਲੀ ਨੰ:7,
ਤ੍ਰਿਪੜੀ ਟਾਊਨ, ਪਟਿਆਲਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ,
ਸਰਕਾਰੀ ਕਾਲਿਜ ਆਫ ਐਜੂਕੇਸ਼ਨ, ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ ਸਿੱਖਿਆ (ਕਾਲਿਜਾਂ) ਪੰਜਾਬ,
ਸਿੱਖਿਆ ਭਵਨ, ਫੇਜ਼ 8, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ 554/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਕੇ.ਸੀ. ਸੂਦ (86992-53086)।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ (98777-46279) ਅਤੇ ਸ਼੍ਰੀ ਵੀਰਦੇਵ ਸਿੰਘ, ਸਹਾਇਕ ਪ੍ਰੋਫੈਸਰ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 13-08-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਸਰਕਾਰੀ ਕਾਲਿਜ ਆਫ ਐਜੂਕੇਸ਼ਨ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਕਾਲਿਜ ਦੇ ਪੱਤਰ ਨੰ:2169, ਮਿਤੀ 08-08-2018 ਅਤੇ ਆਪਣੀ ਆਰ.ਟੀ.ਆਈ. ਅਰਜ਼ੀ ਮਿਤੀ 15-06-2018 ਨਾਲ ਸਬੰਧਤ 10 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 11-10-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 02-01-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 27-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 25-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪੇਸ਼ੀ, ਮਿਤੀ 25-03-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ ਨੇ ਕਿਹਾ ਸੀ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ:3054, ਮਿਤੀ 06-03-2019 ਰਾਹੀਂ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਅਪੀਲਕਰਤਾ ਨੇ ਮੰਨਿਆ ਸੀ ਕਿ ਉਸ ਨੂੰ ਸੂਚਨਾ ਪ੍ਰਾਪਤ ਹੋਈ ਹੈ ਪਰੰਤੂ ਇਹ ਵੀ ਕਿਹਾ ਸੀ ਕਿ ਉਹ ਪ੍ਰਾਪਤ ਹੋਈ ਸੂਚਨਾ ਸਹੀ ਨਾ ਹੋਣ ਕਾਰਨ ਸੰਤੁਸ਼ਟ ਨਹੀਂ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 22-04-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਪੇਸ਼ੀ, ਮਿਤੀ 22-04-2019 ਤੇ ਫਿਰ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ, ਸ਼੍ਰੀ ਕੇ.ਸੀ. ਸੂਦ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ ਨੇ ਕਿਹਾ ਸੀ ਕਿ ਉਨ੍ਹਾਂ ਵੱਲੋਂ ਕਮਿਸ਼ਨ ਦੇ ਹੁਕਮ, ਮਿਤੀ 25-03-2019 ਦੀ ਪਾਲਣਾ ਹਿੱਤ ਅਗਲੇ ਦਿਨ, ਮਿਤੀ 26-03-2019 ਨੂੰ ਹੀ ਸਬੰਧਤ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ 554/2019**

ਸਟਾਫ ਨੂੰ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ ਪਰੰਤੂ ਅਪੀਲਕਰਤਾ ਵੱਲੋਂ ਹਦਾਇਤਾਂ ਨੋਟ ਕਰਨ ਤੋਂ ਇੰਨਕਾਰ ਕਰ ਦਿੱਤਾ ਗਿਆ ਸੀ ਅਤੇ ਨਾ ਹੀ ਉਸ ਵੱਲੋਂ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਹੀ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਗਿਆ ਸੀ। ਅਪੀਲਕਰਤਾ ਦਾ ਨੁਮਾਇੰਦਾ ਉੱਤਰਦਾਤਾ ਨੂੰ ਤਰੁੱਟੀਆਂ ਨੋਟ ਨਾ ਕਰਾਉਣ ਬਾਰੇ ਕੋਈ ਤਸੱਲੀਬਖਸ਼ ਉੱਤਰ ਨਹੀਂ ਦੇ ਸਕਿਆ ਸੀ। ਇਸ ਲਈ ਅਪੀਲਕਰਤਾ ਨੂੰ ਮੁੜ ਹਦਾਇਤ ਕੀਤੀ ਗਈ ਸੀ ਕਿ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕਰਦੇ ਹੋਏ ਈ.ਮੇਲ ਰਾਹੀਂ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-06-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਅੱਜ ਫਿਰ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ।ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ, ਸ਼੍ਰੀ ਕੇ.ਸੀ. ਸੂਦ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ ਅਤੇ ਸ਼੍ਰੀ ਵੀਰਦੇਵ ਸਿੰਘ, ਸਹਾਇਕ ਪ੍ਰੋਫੈਸਰ ਨੇ ਪੱਤਰ ਨੰ:3306, ਮਿਤੀ 04-06-2019 ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਨੇ ਦੁਬਾਰਾ ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ ਨੂੰ ਪੇਸ਼ੀ ਦੌਰਾਨ ਸੂਚਨਾ ਦਸਤੀ ਦੇਣੀ ਚਾਹੀ ਪਰੰਤੂ ਉਸ ਵੱਲੋਂ ਸੂਚਨਾ ਲੈਣ ਤੋਂ ਇੰਨਕਾਰ ਕਰ ਦਿੱਤਾ ਗਿਆ ਅਤੇ ਕਿਹਾ ਕਿ ਉਹ ਸੂਚਨਾ ਕੇਵਲ ਲੋਕ ਸੂਚਨਾ ਅਧਿਕਾਰੀ (ਪਿੰਸੀਪਲ) ਕੋਲੋਂ ਹੀ ਲਵੇਗਾ। ਅਪੀਲਕਰਤਾ ਦੇ ਨੁਮਾਇੰਦੇ ਨੇ ਇਹ ਵੀ ਕਿਹਾ ਕਿ ਪਿੰਸੀਪਲ ਨੂੰ ਆਪ ਖੁਦ ਕਮਿਸ਼ਨ ਵਿਖੇ ਹਾਜ਼ਰ ਹੋਣਾ ਚਾਹੀਦਾ ਸੀ।

5. ਅਪੀਲਕਰਤਾ ਦੇ ਨੁਮਾਇੰਦੇ ਵੱਲੋਂ ਕਮਿਸ਼ਨ ਵਿਖੇ ਪੇਸ਼ੀ ਦੌਰਾਨ ਹਾਜ਼ਰ ਉੱਤਰਦਾਤਾ ਕੋਲੋਂ ਸੂਚਨਾ ਪ੍ਰਾਪਤ ਨਾ ਕਰਕੇ ਕਮਿਸ਼ਨ ਦੀ ਮਾਣਹਾਨੀ ਕੀਤੀ ਗਈ ਹੈ। ਅਪੀਲਕਰਤਾ ਦੇ ਨੁਮਾਇੰਦੇ ਨੂੰ ਇਹ ਪੁੱਛਣ ਦਾ ਕੋਈ ਅਧਿਕਾਰ ਨਹੀਂ ਹੈ ਕਿ ਲੋਕ ਸੂਚਨਾ ਅਧਿਕਾਰੀ ਖੁਦ ਕਿਉਂ ਪੇਸ਼ ਨਹੀਂ ਹੋਇਆ ਜਦੋਂ ਕਿ ਉਹ ਆਪ ਵੀ ਅਪੀਲਕਰਤਾ ਦੀ ਪ੍ਰਤੀਨਿਧਤਾ ਕਰ ਰਿਹਾ ਹੈ। ਇਹ ਕਮਿਸ਼ਨ ਨੇ ਵੇਖਣਾ ਹੁੰਦਾ ਹੈ ਕਿਸ ਨੂੰ ਸੁਣਿਆ ਜਾਣਾ ਹੈ ਜਾਂ ਕਿਸ ਨੂੰ ਨਹੀਂ। ਪੇਸ਼ੀ ਦੌਰਾਨ ਅਪੀਲਕਰਤਾ ਦੇ ਨੁਮਾਇੰਦੇ ਦਾ ਵਤੀਰਾ ਨਿੰਦਣਯੋਗ ਪਾਇਆ ਗਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਅਪੀਲਕਰਤਾ ਅਤੇ ਸ਼੍ਰੀ ਕੇ.ਸੀ ਸੂਦ ਵੱਲੋਂ ਆਰ.ਟੀ.ਆਈ. ਐਕਟ,2005 ਤਹਿਤ ਸੂਚਨਾ ਪ੍ਰਾਪਤ ਕਰਨ ਵਾਸਤੇ ਪੇਸ਼ ਕੀਤਾ ਗਿਆ ਕੋਈ ਵੀ ਪੱਤਰ ਨਾ ਵਿਚਾਰਿਆ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਦਿੱਤੀ ਜਾ ਚੁੱਕੀ ਹੈ ਜ਼ੋ ਕਿ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਈ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜੇਸ਼ ਰਾਣਾ, (90417-40899)
ਮਕਾਨ ਨੰ:788, ਗਲੀ ਨੰ:7,
ਤ੍ਰਿਪੜੀ ਟਾਊਨ, ਪਟਿਆਲਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ,
ਸਰਕਾਰੀ ਕਾਲਿਜ ਆਫ ਐਜੂਕੇਸ਼ਨ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ ਸਿੱਖਿਆ (ਕਾਲਿਜਾਂ) ਪੰਜਾਬ,
ਸਿੱਖਿਆ ਭਵਨ, ਫੇਜ਼ 8, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ 556/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਕੇ.ਸੀ. ਸੂਦ (86992-53086)।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ (98777-46279) ਅਤੇ ਸ਼੍ਰੀ ਵੀਰਦੇਵ ਸਿੰਘ, ਸਹਾਇਕ ਪ੍ਰੋਫੈਸਰ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਸਰਕਾਰੀ ਕਾਲਿਜ ਆਫ ਐਜੂਕੇਸ਼ਨ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜਨਵਰੀ, 2000 ਤੋਂ ਲੈ ਕੇ 31 ਮਈ, 2018 ਤੱਕ ਕਾਲਿਜ ਲਬਾਰਟਰੀ ਦੇ ਸਟਾਫ ਦੀਆਂ ਆਸਾਮੀਆਂ ਨਾਲ ਸਬੰਧਤ 18 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-09-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-01-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 27-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 25-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪੇਸ਼ੀ, ਮਿਤੀ 25-03-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ ਨੇ ਕਿਹਾ ਸੀ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ:3054, ਮਿਤੀ 06-03-2019 ਰਾਹੀਂ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਅਪੀਲਕਰਤਾ ਨੇ ਮੰਨਿਆ ਸੀ ਕਿ ਉਸ ਨੂੰ ਸੂਚਨਾ ਪ੍ਰਾਪਤ ਹੋਈ ਹੈ ਪਰੰਤੂ ਇਹ ਵੀ ਕਿਹਾ ਸੀ ਕਿ ਉਹ ਪ੍ਰਾਪਤ ਹੋਈ ਸੂਚਨਾ ਸਹੀ ਨਾ ਹੋਣ ਕਾਰਨ ਸੰਤੁਸ਼ਟ ਨਹੀਂ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 22-04-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਪੇਸ਼ੀ, ਮਿਤੀ 22-04-2019 ਤੇ ਫਿਰ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ, ਸ਼੍ਰੀ ਕੇ.ਸੀ. ਸੂਦ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ।ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ ਨੇ ਕਿਹਾ ਸੀ ਕਿ ਉਨ੍ਹਾਂ ਵੱਲੋਂ ਕਮਿਸ਼ਨ ਦੇ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ 556/2019**

ਹੁਕਮ, ਮਿਤੀ 25-03-2019 ਦੀ ਪਾਲਣਾ ਹਿੱਤ ਅਗਲੇ ਦਿਨ, ਮਿਤੀ 26-03-2019 ਨੂੰ ਹੀ ਸਬੰਧਤ ਸਟਾਫ ਨੂੰ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ ਪਰੰਤੂ ਅਪੀਲਕਰਤਾ ਵੱਲੋਂ ਹਦਾਇਤਾਂ ਨੋਟ ਕਰਨ ਤੋਂ ਇੰਨਕਾਰ ਕਰ ਦਿੱਤਾ ਗਿਆ ਸੀ ਅਤੇ ਨਾ ਹੀ ਉਸ ਵੱਲੋਂ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਹੀ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਗਿਆ ਸੀ। ਅਪੀਲਕਰਤਾ ਦਾ ਨੁਮਾਇੰਦਾ ਉੱਤਰਦਾਤਾ ਨੂੰ ਤਰੁੱਟੀਆਂ ਨੋਟ ਨਾ ਕਰਾਉਣ ਬਾਰੇ ਕੋਈ ਤਸੱਲੀਬਖਸ਼ ਉੱਤਰ ਨਹੀਂ ਦੇ ਸਕਿਆ ਸੀ। ਇਸ ਲਈ ਅਪੀਲਕਰਤਾ ਨੂੰ ਮੁੜ ਹਦਾਇਤ ਕੀਤੀ ਗਈ ਸੀ ਕਿ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕਰਦੇ ਹੋਏ ਈ.ਮੇਲ ਰਾਹੀਂ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 04-06-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਅੱਜ ਫਿਰ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ।ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ, ਸ਼੍ਰੀ ਕੇ.ਸੀ. ਸੂਦ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨਵਤੇਜ਼ ਸਿੰਘ, ਸੁਪਰਡੰਟ ਅਤੇ ਸ਼੍ਰੀ ਵੀਰਦੇਵ ਸਿੰਘ, ਸਹਾਇਕ ਪ੍ਰੋਫੈਸਰ ਨੇ ਪੱਤਰ ਨੰ:3306, ਮਿਤੀ 04-06-2019 ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਨੇ ਦੁਬਾਰਾ ਅਪੀਲਕਰਤਾ ਵੱਲੋਂ ਹਾਜ਼ਰ ਨੁਮਾਇੰਦੇ ਨੂੰ ਪੇਸ਼ੀ ਦੌਰਾਨ ਸੂਚਨਾ ਦਸਤੀ ਦੇਣੀ ਚਾਹੀ ਪਰੰਤੂ ਉਸ ਵੱਲੋਂ ਸੂਚਨਾ ਲੈਣ ਤੋਂ ਇੰਨਕਾਰ ਕਰ ਦਿੱਤਾ ਗਿਆ ਅਤੇ ਕਿਹਾ ਕਿ ਉਹ ਸੂਚਨਾ ਕੇਵਲ ਲੋਕ ਸੂਚਨਾ ਅਧਿਕਾਰੀ (ਪਿੰਸੀਪਲ) ਕੋਲੋਂ ਹੀ ਲਵੇਗਾ। ਅਪੀਲਕਰਤਾ ਦੇ ਨੁਮਾਇੰਦੇ ਨੇ ਇਹ ਵੀ ਕਿਹਾ ਕਿ ਪਿੰਸੀਪਲ ਨੂੰ ਆਪ ਖੁਦ ਕਮਿਸ਼ਨ ਵਿਖੇ ਹਾਜ਼ਰ ਹੋਣਾ ਚਾਹੀਦਾ ਸੀ।

5. ਅਪੀਲਕਰਤਾ ਦੇ ਨੁਮਾਇੰਦੇ ਵੱਲੋਂ ਕਮਿਸ਼ਨ ਵਿਖੇ ਪੇਸ਼ੀ ਦੌਰਾਨ ਹਾਜ਼ਰ ਉੱਤਰਦਾਤਾ ਕੋਲੋਂ ਸੂਚਨਾ ਪ੍ਰਾਪਤ ਨਾ ਕਰਕੇ ਕਮਿਸ਼ਨ ਦੀ ਮਾਣਹਾਨੀ ਕੀਤੀ ਗਈ ਹੈ। ਅਪੀਲਕਰਤਾ ਦੇ ਨੁਮਾਇੰਦੇ ਨੂੰ ਇਹ ਪੁੱਛਣ ਦਾ ਕੋਈ ਅਧਿਕਾਰ ਨਹੀਂ ਹੈ ਕਿ ਲੋਕ ਸੂਚਨਾ ਅਧਿਕਾਰੀ ਖੁਦ ਕਿਉਂ ਪੇਸ਼ ਨਹੀਂ ਹੋਇਆ ਜਦੋਂ ਕਿ ਉਹ ਆਪ ਵੀ ਅਪੀਲਕਰਤਾ ਦੀ ਪ੍ਰਤੀਨਿਧਤਾ ਕਰ ਰਿਹਾ ਹੈ। ਇਹ ਕਮਿਸ਼ਨ ਨੇ ਵੇਖਣਾ ਹੁੰਦਾ ਹੈ ਕਿਸ ਨੂੰ ਸੁਣਿਆ ਜਾਣਾ ਹੈ ਜਾਂ ਕਿਸ ਨੂੰ ਨਹੀਂ। ਪੇਸ਼ੀ ਦੌਰਾਨ ਅਪੀਲਕਰਤਾ ਦੇ ਨੁਮਾਇੰਦੇ ਦਾ ਵਤੀਰਾ ਨਿੰਦਣਯੋਗ ਪਾਇਆ ਗਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਅਪੀਲਕਰਤਾ ਅਤੇ ਸ਼੍ਰੀ ਕੇ.ਸੀ ਸੂਦ ਵੱਲੋਂ ਆਰ.ਟੀ.ਆਈ. ਐਕਟ,2005 ਤਹਿਤ ਸੂਚਨਾ ਪ੍ਰਾਪਤ ਕਰਨ ਵਾਸਤੇ ਪੇਸ਼ ਕੀਤਾ ਗਿਆ ਕੋਈ ਵੀ ਪੱਤਰ ਨਾ ਵਿਚਾਰਿਆ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਦਿੱਤੀ ਜਾ ਚੁੱਕੀ ਹੈ ਜ਼ੋ ਕਿ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਈ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 04 ਜੂਨ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਹਰਸਿਮਰ ਸਿੰਘ ਟਿਵਾਣਾ, ਐਡਵੋਕੇਟ, (98154-07555)
#3007, ਅਰਬਨ ਐਸਟੇਟ-2,
ਪਟਿਆਲਾ। ...........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਡਿਵੀਜ਼ਨਲ ਕਮਿਸ਼ਨਰ/
ਚੇਅਰਮੈਨ, ਫੀ ਰੈਗੂਲੇਟਰੀ ਬਾਡੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਵੀਜ਼ਨਲ ਕਮਿਸ਼ਨਰ/
ਚੇਅਰਮੈਨ, ਫੀ ਰੈਗੂਲੇਟਰੀ ਬਾਡੀ,
ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:133 ਆਫ਼ 2019**

**ਹਾਜ਼ਰ:-**
1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸੁਖਬੀਰ ਸਿੰਘ, ਜੂਨੀਅਰ ਸਹਾਇਕ (99151-51600)।

**ਹੁਕਮ:**

ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਸੁਖਬੀਰ ਸਿੰਘ, ਜੂਨੀਅਰ ਸਹਾਇਕ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ, ਪਟਿਆਲਾ ਨੇ ਕਿਹਾ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਦਿੱਤੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਉਸ ਵੱਲੋਂ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਫਿਰ ਵੀ ਉਸ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 10-06-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜੈਦੇਵ ਇੰਦਰ ਸਿੰਘ
ਇੰਦਰ ਭਵਨ ਕਾਟਜ ਚਾਰਲੀਵਿੱਲੇ ਰੋਡ, ਮਸੂਰੀ,
ਦੇਹਰਾਦੂਨ, ਉੱਤਰਾਖੰਡ-248179। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਨਗਰ ਸੁਧਾਰ ਟਰੱਸਟ,
ਅੰਮ੍ਰਿਤਸਰ।

ਪਹਿਲੀ ਅਪੀਲੀ ਅਥਾਰਟੀ-ਕਮ-
ਚੈਅਰਮੈਨ, ਨਗਰ ਸੁਧਾਰ ਟਰੱਸਟ,
ਅੰਮ੍ਰਿਤਸਰ। -------ਉੱਤਰਦਾਤਾ

**ਅਪੀਲ ਕੇਸ ਨੰ 550/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਾਜਨ ਸ਼ਰਮਾ, ਡਰਾਫਟਸਮੈਨ (96463-04030)

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-10-2018, ਲੋਕ ਸੂਚਨਾ ਅਧਿਕਾਰੀ ਦਫਤਰ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ:11251 ਆਫ 2016 ਵਿੱਚ ਪਾਸ ਕੀਤੀ ਗਈ ਜੱਜਮੈਂਟ, ਮਿਤੀ 17-07-2017 ਅਨੁਸਾਰ ਪੇਸ਼ ਕੀਤੀ ਗਈ ਆਪਣੀ ਦਰਖਾਸਤ, ਮਿਤੀ 21-08-2017 ਤੇ ਮਿਤੀ 21-08-2017 ਤੋਂ ਮਿਤੀ 18-10-2018 ਤੱਕ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-11-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-01-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 28-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਉਸ ਵੱਲੋਂ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਰਾਜਨ ਸ਼ਰਮਾ, ਡਰਾਫਟਸਮੈਨ ਨੇ ਪੱਤਰ ਨੰ:ਏ.ਆਈ.ਟੀ./ਟੀ.ਪੀ.(ਆਰ.ਟੀ.ਆਈ.)/1624, ਮਿਤੀ 03-06-2019 ਦੀ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ 550/2019**

ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ ਅਤੇ ਪੱਤਰ ਨੰ:ਏ.ਆਈ.ਟੀ./ਟੀ.ਪੀ.(ਆਰ.ਟੀ.ਆਈ.)/547, ਮਿਤੀ 18-04-2019 ਰਾਹੀਂ ਕਮਿਸ਼ਨ ਨੂੰ ਵੀ ਪਹਿਲਾਂ ਸੂਚਿਤ ਕੀਤਾ ਜਾ ਚੁੱਕਾ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਉਸ ਦੀ ਆਰ.ਟੀ.ਆਈ. ਦੇ ਸਨਮੁੱਖ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 04 ਜੂਨ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਪ੍ਰੇਮ ਕੁਮਾਰ ਰਤਨ (98722-20039)
ਮਕਾਨ ਨੰ:78/8, ਪਾਰਕ ਰੋਡ,
ਨਵੀਂ ਮੰਡੀ, ਧੂਰੀ, ਤਹਿਸੀਲ ਧੂਰੀ,
ਜ਼ਿਲ੍ਹਾ ਸੰਗਰੂਰ। ...........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ ਧੂਰੀ,
ਜ਼ਿਲ੍ਹਾ ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2069 ਆਫ਼ 2018**

**ਹਾਜ਼ਰ:-**

1) ਸ਼੍ਰੀ ਪ੍ਰੇਮ ਕੁਮਾਰ ਰਤਨ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਜ਼ਸਬੀਰ ਸਿੰਘ, ਕਲਰਕ (98761-72293)।

**ਹੁਕਮ:**

ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਜ਼ਸਬੀਰ ਸਿੰਘ, ਕਲਰਕ ਨੇ ਈ.ਮੇਲ, ਮਿਤੀ 03-06-2019 ਰਾਹੀਂ ਭੇਜੇ ਗਏ ਪੱਤਰ ਨੰ:ਸਪੈਸ਼ਲ/1, ਮਿਤੀ 03-06-2019 ਦੀ ਕਾਪੀ ਹੀ ਪੇਸ਼ ਕੀਤੀ ਜਿਸ ਰਾਹੀਂ ਉੱਤਰਦਾਤਾ, ਕਾਰਜ ਸਾਧਕ ਅਫਸਰ, ਨਗਰ ਕੌਂਸਿਲ ਧੂਰੀ ਵੱਲੋਂ ਉਸ ਦੀ ਰਿਸ਼ਤੇਦਾਰੀ ਵਿਚ ਕਿਸੇ ਦੀ ਮੌਤ ਹੋ ਜਾਣ ਅੱਜ ਪੇਸ਼ੀ ਤੇ ਹਾਜ਼ਰ ਹੋਣ ਤੋਂ ਅਸਮਰੱਥਾ ਪ੍ਰਗਟਾਉਂਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਵਾਰ-ਵਾਰ ਸਮੇਂ ਦੀ ਮੰਗ ਕੀਤੀ ਜਾ ਰਹੀ ਹੈ ਜ਼ੋ ਕਿ ਵਾਜਿਬ ਨਹੀਂ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਵਾਰ-ਵਾਰ ਪੇਸ਼ੀ ਲਈ ਮਿਤੀ ਮੰਗਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਮੁਹੱਈਆ ਕਰਵਾ ਕੇ ਪੇਸ਼ੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਆਰ.ਟੀ.ਆਈ. ਐਕਟ,2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 16-07-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਪ੍ਰੇਮ ਕੁਮਾਰ ਰਤਨ (98722-20039)
ਮਕਾਨ ਨੰ:78/8, ਪਾਰਕ ਰੋਡ,
ਨਵੀਂ ਮੰਡੀ, ਧੂਰੀ, ਤਹਿਸੀਲ ਧੂਰੀ,
ਜ਼ਿਲ੍ਹਾ ਸੰਗਰੂਰ। ...........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ ਧੂਰੀ,
ਜ਼ਿਲ੍ਹਾ ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2070 ਆਫ਼ 2018**

**ਹਾਜ਼ਰ:-**

1) ਸ਼੍ਰੀ ਪ੍ਰੇਮ ਕੁਮਾਰ ਰਤਨ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਜ਼ਸਬੀਰ ਸਿੰਘ, ਕਲਰਕ (98761-72293)।

**ਹਕਮ:**

ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਜ਼ਸਬੀਰ ਸਿੰਘ, ਕਲਰਕ ਨੇ ਈ.ਮੇਲ, ਮਿਤੀ 03-06-2019 ਰਾਹੀਂ ਭੇਜੇ ਗਏ ਪੱਤਰ ਨੰ:ਸਪੈਸ਼ਲ/1, ਮਿਤੀ 03-06-2019 ਦੀ ਕਾਪੀ ਹੀ ਪੇਸ਼ ਕੀਤੀ ਜਿਸ ਰਾਹੀਂ ਉੱਤਰਦਾਤਾ, ਕਾਰਜ ਸਾਧਕ ਅਫਸਰ, ਨਗਰ ਕੌਂਸਿਲ ਧੂਰੀ ਵੱਲੋਂ ਉਸ ਦੀ ਰਿਸ਼ਤੇਦਾਰੀ ਵਿਚ ਕਿਸੇ ਦੀ ਮੌਤ ਹੋ ਜਾਣ ਅੱਜ ਪੇਸ਼ੀ ਤੇ ਹਾਜ਼ਰ ਹੋਣ ਤੋਂ ਅਸਮਰੱਥਾ ਪ੍ਰਗਟਾਉਂਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਵਾਰ-ਵਾਰ ਸਮੇਂ ਦੀ ਮੰਗ ਕੀਤੀ ਜਾ ਰਹੀ ਹੈ ਜ਼ੋ ਕਿ ਵਾਜਿਬ ਨਹੀਂ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਵਾਰ-ਵਾਰ ਪੇਸ਼ੀ ਲਈ ਮਿਤੀ ਮੰਗਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਮੁਹੱਈਆ ਕਰਵਾ ਕੇ ਪੇਸ਼ੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਆਰ.ਟੀ.ਆਈ. ਐਕਟ,2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 16-07-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਪ੍ਰੇਮ ਕੁਮਾਰ ਰਤਨ (98722-20039)
ਮਕਾਨ ਨੰ:78/8, ਪਾਰਕ ਰੋਡ,
ਨਵੀਂ ਮੰਡੀ, ਧੂਰੀ, ਤਹਿਸੀਲ ਧੂਰੀ,
ਜ਼ਿਲ੍ਹਾ ਸੰਗਰੂਰ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ ਧੂਰੀ,
ਜ਼ਿਲ੍ਹਾ ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2134 ਆਫ਼ 2018**

**ਹਾਜ਼ਰ:-**

1) ਸ਼੍ਰੀ ਪ੍ਰੇਮ ਕੁਮਾਰ ਰਤਨ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਜ਼ਸਬੀਰ ਸਿੰਘ, ਕਲਰਕ (98761-72293)।

**ਹੁਕਮ:**

ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਜ਼ਸਬੀਰ ਸਿੰਘ, ਕਲਰਕ ਨੇ ਈ.ਮੇਲ, ਮਿਤੀ 03-06-2019 ਰਾਹੀਂ ਭੇਜੇ ਗਏ ਪੱਤਰ ਨੰ:ਸਪੈਸ਼ਲ/1, ਮਿਤੀ 03-06-2019 ਦੀ ਕਾਪੀ ਹੀ ਪੇਸ਼ ਕੀਤੀ ਜਿਸ ਰਾਹੀਂ ਉੱਤਰਦਾਤਾ, ਕਾਰਜ ਸਾਧਕ ਅਫਸਰ, ਨਗਰ ਕੌਂਸਿਲ ਧੂਰੀ ਵੱਲੋਂ ਉਸ ਦੀ ਰਿਸ਼ਤੇਦਾਰੀ ਵਿਚ ਕਿਸੇ ਦੀ ਮੌਤ ਹੋ ਜਾਣ ਅੱਜ ਪੇਸ਼ੀ ਤੇ ਹਾਜ਼ਰ ਹੋਣ ਤੋਂ ਅਸਮਰੱਥਾ ਪ੍ਰਗਟਾਉਂਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਵਾਰ-ਵਾਰ ਸਮੇਂ ਦੀ ਮੰਗ ਕੀਤੀ ਜਾ ਰਹੀ ਹੈ ਜ਼ੋ ਕਿ ਵਾਜਿਬ ਨਹੀਂ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਵਾਰ-ਵਾਰ ਪੇਸ਼ੀ ਲਈ ਮਿਤੀ ਮੰਗਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਮੁਹੱਈਆ ਕਰਵਾ ਕੇ ਪੇਸ਼ੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਆਰ.ਟੀ.ਆਈ. ਐਕਟ,2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 16-07-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 04 ਜੂਨ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**